# ਰਿਪੋਰਟ : ਸਰੋਜ ਅਤੇ ਪੀ.ਐੱਚ.ਵੈਸ਼ਨਵ ਯਾਦਗਾਰੀ ਭਾਸ਼ਨ

4 ਮਈ 2010 ਨੂੰ ਸ੍ਰੀ ਪੀ.ਐੱਚ. ਵੈਸ਼ਨਵ ਮਰਹੂਮ ਬਾਨੀ ਚੇਅਰਮੈਨ ਪ੍ਰੀਤਲੜੀ ਟ੍ਰਸਟ, ਦੀ ਪਹਿਲੀ ਬਰਸੀ ਦਾ ਦਿਨ ਸੀ। ਚੰਡੀਗੜ੍ਹ ਵਿਚ ਤਿੰਨ ਪ੍ਰੋਗਰਾਮ ਵੱਖ ਵੱਖ ਜਥੇਬੰਦੀਆਂ ਵਲੋਂ ਉਨ੍ਹਾਂ ਦੀ ਯਾਦ ਵਿਚ ਕੀਤੇ ਗਏ - ਜਿਨ੍ਹਾਂ ਵਿਚੋਂ ਤੀਸਰਾ ਸੀ ਪ੍ਰੀਤਲੜੀ ਵਲੋਂ ਉਨ੍ਹਾਂ ਅਤੇ ਉਨ੍ਹਾ ਦੀ ਮਰਹੂਮ ਪਤਨੀ ਸਰੋਜ ਜੀ ਦੀ ਯਾਦ ਵਿਚ ਸ਼ੁਰੂ ਕੀਤੀ ਭਾਸ਼ਣ ਲੜੀ ਦਾ ਪਹਿਲਾ ਭਾਸ਼ਨ। ਇਸ ਪਹਿਲੇ ਭਾਸ਼ਣ ਨੂੰ ਦੇਣ ਲਈ ਸ੍ਰੀ ਰਜਿੰਦਰ ਸੱਚਰ, ਚੀਫ਼ ਜਸਟਿਸ, ਦਿੱਲੀ ਹਾਈਕੋਰਟ (ਸੇਵਾ ਮੁਕਤ) — ਅਤੇ ਪ੍ਰੀਤਲੜੀ ਦੇ ਮੁੱਢਲੇ ਪਾਠਕਾਂ ਵਿਚੋਂ ਇੱਕ — ਖਾਸ ਤੌਰ 'ਤੇ ਦਿੱਲੀ ਤੋਂ ਆਏ। ਪਿਛਲੇ ਅਰਸੇ ਵਿਚ ਸ੍ਰੀ ਸੱਚਰ ਵਲੋਂ ਭਾਰਤ ਵਿਚ ਮੁਸਲਮਾਨਾਂ ਦੀ ਪੱਛੜੀ ਸਮਾਜਕ ਅਤੇ ਆਰਥਕ ਹਾਲਤ ਉਤੇ ਪ੍ਰਧਾਨ ਮੰਤਰੀ, ਭਾਰਤ ਨੂੰ ਅਗਲੇਰੀਆਂ ਨੀਤੀਆਂ ਬਨਾਉਣ ਲਈ ਦਿੱਤੀ ਸਲਾਹ ਦੀ ਰਿਪੋਰਟ ਦੇ ਕੀਤੇ ਮਾਅਰਕੇ ਦੇ ਕੰਮ ਕਾਰਨ ਆਪ ਖਾਸ ਤੌਰ 'ਤੇ ਧਿਆਨ ਵਿਚ ਆਏ। ਪ੍ਰੀਤਲੜੀ ਟ੍ਰਸਟ ਦੇ ਬਾਨੀ ਪ੍ਰਧਾਨ ਸ੍ਰੀ ਵੈਸ਼ਨਵ ਜੀ ਨੇ ਪਿਛਲੇ ਸਾਲਾਂ ਵਿਚ, ਵਾਰ ਵਾਰ ਇਹ ਜਜ਼ਬਾ ਸਾਂਝਾ ਕੀਤਾ ਸੀ ਕਿ ਭਾਰਤ ਦੇ ਮੁਸਲਮਾਨਾਂ ਦੇ ਭਾਰਤ ਦੀ ਆਜ਼ਾਦੀ ਵਿਚ ਨਿਭਾਏ ਕਿਰਦਾਰ ਨੂੰ ਲੋੜੀਂਦੀ ਥਾਂ ਅਤੇ ਜ਼ਿਕਰ ਨਹੀਂ ਮਿਲ ਰਿਹਾ। ਸ੍ਰੀ ਸੱਚਰ ਨੇ ਹੇਠ ਲਿਖੇ ਵਿਸ਼ੇ ਨੂੰ ਭਖਦਾ ਵਿਸ਼ਾ ਮੰਨਦਿਆਂ ਪ੍ਰੀਤਲੜੀ ਟ੍ਰਸਟ ਦੇ ਸੱਦੇ ਉਤੇ ਇਸ ਉਤੇ ਭਾਸ਼ਨ ਦੇਣਾ ਸਵੀਕਾਰ ਕਰ ਲਿਆ "ਨਿਆਂਪਾਲਿਕਾ ਦਾ ਸੰਵਿਧਾਨ ਨਾਲ ਸੰਬੰਧ"। ਇਸ ਵਿਸ਼ੇ ਉਤੇ ਅੰਗ੍ਰੇਜ਼ੀ ਵਿਚ ਟਾਈਪ ਕੀਤਾ ਭਾਸ਼ਨ ਉਨ੍ਹਾਂ ਦੇ ਕੋਲ ਸੀ ਪਰ ਪ੍ਰਕਾਸ਼ਕ ਪ੍ਰੀਤਲੜੀ ਦੀ ਖਾਸ ਬੇਨਤੀ ਉਤੇ ਉਨ੍ਹਾਂ ਪੰਜਾਬੀ ਵਿਚ ਹੀ 45 ਮਿਨਟ ਦਾ ਭਾਸ਼ਨ ਖਲੋ ਕੇ ਦੇ ਕੇ, ਇਸ ਵੱਡੀ ਉਮਰ ਵਿਚ ਵੀ, ਸਭ ਦਾ ਮਨ ਜਿੱਤ ਲਿਆ।

ਇਸ ਭਾਸ਼ਨ ਦੇ ਮੁੱਖ ਮੁੱਦੇ (ਆਪਣੀ ਪਹਿਚਾਨ ਉਨ੍ਹਾਂ ਇਕ ਸਮਾਜਵਾਦੀ ਵਜੋਂ ਕਰਾਈ। ਇਥੇ ਦਿੱਤੇ ਜਾ ਰਹੇ ਹਨ, ਪੂਰਾ ਭਾਸ਼ਨ ਅਨੁਵਾਦ ਕਰ ਕੇ ਅਗਲੇਰੇ ਅੰਕਾਂ ਵਿਚ ਦਿੱਤਾ ਜਾਏਗਾ):

ਸੰਵਿਧਾਨ ਮੁਤਾਬਕ ਰਾਜ ਦੀਆਂ ਤਿੰਨ ਬਾਹਾਂ ਹਨ - ਸੰਸਦ, ਹਕੂਮਤ ਅਤੇ ਨਿਆਂਪਾਲਿਕਾ। ਇਨ੍ਹਾਂ ਤਿੰਨਾਂ ਵਿਚ ਜੇ ਕਦੇ ਕੋਈ ਝਗੜਾ ਪੈਦਾ ਹੋਵੇ ਤਾਂ ਕੌਣ ਫ਼ੈਸਲਾ ਕਰੇ? ਅਦਾਲਤਾਂ ਸੰਵਿਧਾਨ ਦੀਆਂ ਰਖਵਾਲ ਹਨ। ਇਨ੍ਹਾਂ ਨੂੰ ਤਾਕਤ ਦਿੱਤੀ ਗਈ ਹੈ ਕਿ ਸੰਸਦ ਵਲੋਂ ਪਾਸ ਹੋਈ ਕਿਸੇ ਵਧੀਕੀ ਨੂੰ ਜਾਂ ਅਫ਼ਸਰਸ਼ਾਹੀ ਵਲੋਂ ਕੀਤੀ ਕਿਸੇ ਵਧੀਕੀ ਨੂੰ ਦਰੁਸਤ ਕਰਨ। ਪਰ ਜਦੋਂ ਅਦਾਲਤਾਂ ਇਓਂ ਕਰਨ, ਤਾਂ ਸੰਸਦ ਅਤੇ ਅਫ਼ਸਰਸ਼ਾਹੀ ਉਨ੍ਹਾਂ ਨੂੰ "ਅਣਚੁਣੇ ਨਵਾਬ" ਵਰਗੀਆਂ ਗੱਲਾਂ ਕਹਿੰਦੀ ਹੈ। ਪਰ ਅੱਜ ਜੱਜ ਵੀ ਸਮਾਜ ਦੇ ਹਰ ਤਬਕੇ ਵਿਚੋਂ ਆਉਂਦੇ ਹਨ। ਜੱਜਾਂ ਦਾ ਕਮਾਲ ਤੇਜ਼-ਦਿਮਾਗ਼ ਹੋਣਾ ਵੀ ਜ਼ਰੂਰੀ ਨਹੀਂ ਕਿ ਸੱਚ ਹੋਵੇ। ਅਤੇ ਉਂਝ ਵੀ, ਤੇਜ਼-ਦਿਮਾਗ਼ੀ ਜ਼ਮੀਰ ਦੀ ਥਾਂ ਤਾਂ ਲੈ ਨਹੀਂ ਸਕਦੀ ਹੁੰਦੀ। ਜਦੋਂ ਅਮੀਰ ਵਰਗ ਗਰੀਬ ਦੀ ਪਿੱਠ 'ਤੇ ਚੜ੍ਹੀ ਬੈਠਾ ਉਸਦੀ ਮਦਦ ਕਰਨ ਦਾ ਵੀ ਦਾਅਵਾ ਕਰ ਰਿਹਾ ਹੋਏ ਤਾਂ ਅਦਾਲਤਾਂ ਨੇ ਹੀ ਆਮ ਲੋਕਾਈ ਦੀ ਆਵਾਜ਼ ਬਣਨਾ ਹੁੰਦਾ ਹੈ।

ਭਾਸ਼ਨ ਦੇ ਸ਼ੁਰੂ ਵਿਚ ਆਪ ਨੇ ਸ੍. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਯੁਗ-ਬਦਲੂ ਅਤੇ ਯੋਗ-ਵਿਚਾਰਸ਼ੀਲਤਾ ਨੂੰ ਸਿਜਦਾ ਕੀਤਾ, ਪ੍ਰੀਤਨਗਰ ਦੇ "ਟਾਲਸਟਾਇ ਫ਼ਾਰਮ" ਦੇ ਆਦਰਸ਼ ਉਤੇ ਅਧਾਰਤ ਹੋਣ ਦੀ ਗੱਲ ਕੀਤੀ।

ਉਨ੍ਹਾਂ ਚੰਡੀਗੜ੍ਹ ਹਾਈਕੋਟ ਵਿਚ ਕਾਰਜ ਕਰਨ ਵੇਲੇ ਸ਼ੀਲਾ ਦੀਦੀ, ਬਰਿਸਟਰ (ਸੰਪਾਦਕਾ ਪ੍ਰੀਤਲੜੀ ਦੀ ਮਾਤਾ) ਨਾਲ ਕੰਮ-ਜ਼ਿੰਦਗੀ ਦਾ ਇਕ ਲੰਮਾ ਹਿੱਸਾ ਵਿਚਾਰਾਂ ਦੀ ਰਹੀ ਨੇੜਤਾ ਦਾ ਵੀ ਉਚੇਚਿਆਂ ਨਿੱਘ ਨਾਲ ਜ਼ਿਕਰ ਕੀਤਾ। ਉਨ੍ਹਾਂ ਲਾਹੌਰ ਸ਼ਹਿਰ ਤੋਂ ਬਾਅਦ ਚੰਡੀਗੜ੍ਹ ਸ਼ਹਿਰ ਲਈ ਆਪਣੇ ਪਿਆਰ ਦਾ ਜ਼ਿਕਰ ਕੀਤਾ, ਜਿਥੇ ਦੀ ਹਵਾ ਵਿਚ ਆ ਕੇ ਖ਼ੂਨ ਵਧ ਜਾਂਦਾ ਹੈ"।

ਭਾਸ਼ਨ ਲਈ ਉਨ੍ਹਾਂ ਦੀ ਵਾਕਫ਼ੀ ਕਰਾਂਦਿਆਂ ਸੰਪਾਦਕਾ ਪ੍ਰੀਤਲੜੀ ਨੇ ਆਪਦੀ ਸਰਲਤਾ, ਸਾਦਗੀ ਅਤੇ ਭਲੇਮਾਣਸੀ ਅਤੇ ਦੇਸ਼ ਦੇ ਵੱਡੇ ਕੰਮ ਆਉਣ ਕਰਕੇ ਪ੍ਰੀਤਲੜੀ ਦੇ ਇਸ ਪਾਠਕ ਉਤੇ ਹੁੰਦੇ ਮਾਣ ਦੀ ਗੱਲ ਕੀਤੀ। ਸੱਚਰ ਜੀ ਨੂੰ ਪ੍ਰੀਤਲੜੀ ਦਾ ਪਾਠਕ ਹੋਣ ਵਜੋਂ ਯਾਦ-ਚਿੰਨ੍ਹ ਵੀ ਮਰਹੂਮ ਸਰੋਜ ਵੈਸ਼ਨਵ ਦੇ ਭੈਣ ਜੀ ਸ੍ਰੀਮਤੀ ਨੀਲਮ ਪਾਠਕ ਅਤੇ ਉਨ੍ਹਾਂ ਦੇ ਪਤੀ ਜਾਬਾਜ਼ ਪੈਰਾ ਕਮਾਂਡੋ (ਰਿਟਾ.) ਕਰਨਲ ਪਾਠਕ ਹੱਥੋਂ ਭੇਟ ਕੀਤਾ ਗਿਆ।

ਜ਼ੁਲਫ਼ਿਕਾਰ ਖ਼ਾਨ, ਚੰਡੀਗੜ੍ਹ ਦੀ ਸੜਕ ਛਾਪ ਗਰੀਬ ਬੱਚਿਆਂ ਨੂੰ ਪੜ੍ਹਾਈ-ਕਿੱਤਾ ਦਿਵਾਉਣ ਤੇ ਨਿਜੀ ਤੌਰ 'ਤੇ ਹਰ ਰੋਜ਼ ਪ੍ਰੇਮ ਨਾਲ ਉਤਸ਼ਾਹਤ ਕਰਨ ਲਈ ਜਾਣੀ ਜਾਂਦੀ ਹਸਤੀ, ਆਪ ਵੀ ਇਕ ਮਜ਼ਦੂਰ ਦੇ ਸਪੁੱਤਰ — ਅਤੇ ਨਾਟਕ ਦੀ ਉੱਚੀ ਸਿਖਲਾਈ ਨਾਲ ਲੈਸ— ਨੇ ਖ਼ੁਸ਼ੀ ਨਾਲ ਸ੍ਰੀ ਰਜਿੰਦਰ ਸੱਚਰ ਵੱਲ ਜਿਵੇਂ ਦੇਸ਼ ਦੇ ਮੁਸਲਮਾਨਾਂ ਵਲੋਂ ਵੀ ਧੰਨਵਾਦ ਕਰਦਿਆਂ ਇਸ ਮੁੱਖ ਬੁਲਾਰੇ ਦਾ ਸੁਆਗਤ ਕੀਤਾ ਸੀ ਅਤੇ ਮੰਚ ਸੰਭਾਲਿਆ ਸੀ।

ਉਪਰੰਤ, ਸੰਪਾਦਕਾ ਪ੍ਰੀਤਲੜੀ ਨੇ ਪ੍ਰੀਤਲੜੀ, ਪ੍ਰੀਤਲੜੀ ਟ੍ਰਸਟ ਦੀ ਅਤੇ ਸ੍ਰੀ ਵੈਸ਼ਨਵ ਵਲੋਂ ਇਕ ਪਾਠਕ ਅਤੇ ਦੇਸ਼ਵਾਸੀ ਵਜੋਂ ਇਸ ਦੇ ਕੰਮ ਦੀ ਕੀਤੀ ਗਈ ਕਦਰ ਅਤੇ ਸਾਂਭ ਅਤੇ ਅਗਵਾਈ ਦੀ ਗੱਲ ਕੀਤੀ। ਸ੍ਰੀ ਰਜਿੰਦਰ ਸੱਚਰ ਮੁਤੱਲਕ ਸੰਪਾਦਕਾ ਨੇ ਉਨ੍ਹਾਂ ਦੇ ਪਿਤਾ ਮਰਹੂਮ ਸ੍ਰੀ ਭੀਮ ਸੈਨ ਸੱਚਰ ਨੂੰ ਆਮ ਲੋਕਾਂ ਦੇ ਮਨ ਵਿਚ ਭਲੇਮਾਣਸੀ ਅਤੇ ਸੱਚਾਈ ਨਾਲ ਜੋੜਿਆ ਜਾਂਦਾ ਨਾਂ ਕਿਹਾ।

ਇਸ ਕਲਾਮਈ ਸਾਦਾ ਸਜਾਵਟ ਨਾਲ ਮਨਾਈ ਗਈ ਖਾਸ ਸ਼ਾਮ ਵਿਚ ਬੋਲਦਿਆਂ ਸ੍ਰੀ ਰਮੇਸ਼ ਇੰਦਰ ਸਿੰਘ, ਮੁੱਖ ਸੂਚਨਾ ਕਮਿਸ਼ਨਰ, ਪੰਜਾਬ ਅਤੇ ਸੇਵਾ ਮੁਕਤ, ਮੁੱਖ ਸਕੱਤਰ, ਪੰਜਾਬ, ਨੇ ਸ੍ਰੀ ਵੈਸ਼ਨਵ ਦੇ ਜੀਵਨ ਅਤੇ ਕੰਮ ਉਤੇ ਚਾਨਣਾ ਪਾਇਆ ਅਤੇ ਉਨ੍ਹਾਂ ਦਾ ਆਪਣੇ ਉਤੇ ਪਿਆ ਅਸਰ ਸਾਂਝਾ ਕੀਤਾ, ਖਾਸਕਰ ਉਨ੍ਹਾਂ ਦੀ ਹਸਮੁਖਤਾ, ਤਨਦੇਹੀ ਅਤੇ ਲਿਆਕਤ ਦਾ। ਸ੍. ਰਮੇਸ਼ ਇੰਦਰ ਸਿੰਘ ਜੀ ਨੇ ਪ੍ਰੀਤਲੜੀ ਨੂੰ ਵਧਾਈ ਵੀ ਦਿੱਤੀ ਕਿ ਬਰਸੀ ਨੂੰ ਮਨਾਉਣ ਦੇ ਇਸ ਢੰਗ ਤੇ ਇਸ ਵਿਸ਼ਾ ਚੁਣਿਆ। ਉਨ੍ਹਾਂ "ਸ਼ਹੀਦ ਸੁਮੀਤ ਸਿੰਘ" ਦਾ ਵੀ ਉਚੇਚਾ ਜ਼ਿਕਰ ਕੀਤਾ।

ਦੀਵਾਨ ਸਿੰਘ ਕਾਲੇਪਾਣੀ ਯਾਦਗਾਰੀ ਟ੍ਰਸਟ ਦੇ ਪ੍ਰਧਾਨ ਦਵਿੰਦਰਜੀਤ ਸਿੰਘ, ਜੋ ਕਾਲੇਪਾਣੀ ਜੀ ਦੇ ਪੁੱਤਰ ਹਨ, ਨੂੰ ਉਚੇਚੇ ਤੌਰ 'ਤੇ ਮੰਚ 'ਤੇ ਆਉਣ ਲਈ ਸੱਦਾ ਦਿੱਤਾ ਗਿਆ ਜਿਨ੍ਹਾਂ ਸਾਂਝਾ ਕੀਤਾ ਕਿ ਕਿਸ ਤਰ੍ਹਾਂ ਸ੍ਰੀ ਵੈਸ਼ਨਵ ਨੇ ਅੰਡਾਮਾਨ ਟਾਪੂਆਂ ਦੀ ਆਪਣੀ ਇਕ ਫੇਰੀ ਵੇਲੇ, ਦੀਵਾਨ ਸਿੰਘ ਕਾਲੇਪਾਣੀ ਜੀ ਦੇ ਜੀਵਨ ਤੇ ਯੋਗਦਾਨ ਬਾਰੇ ਤਫ਼ਸੀਲ ਨਾਲ ਪਤਾ ਲੱਗਣ 'ਤੇ, ਪੰਜਾਬ ਸਰਕਾਰ ਵਲੋਂ ਉਨ੍ਹਾਂ ਨੂੰ ਆਜ਼ਾਦੀ ਘੁਲਾਟੀਆ ਮਨਵਾਉਣ ਲਈ ਕਿੰਨਾ ਹੀ ਨਿਜੀ ਜ਼ੋਰ ਲਾਇਆ ਅਤੇ ਹੱਕੀ ਥਾਂ ਦਿਵਾਈ। ਸ਼ਾਇਰਾ ਅਤੇ ਮੈਡੀਕਲ ਡਾ. ਪੰਨੂੰ ਪਰਵਾਜ਼ ਨੇ ਵੈਸ਼ਨਵ ਜੀ ਦੀ ਸ਼ਾਨ ਵਿਚ ਲਿਖੀ ਕਵਿਤਾ ਸੁਣਾਈ ਜਿਸਦਾ ਵਿਸ਼ਾ ਸੀ-**ਧਰਤੀ 'ਤੇ ਇਕ ਤਾਰਾ ਆਇਆ।** ਅਖੀਰ ਪ੍ਰਬੰਧਕ ਪ੍ਰੀਤਲੜੀ ਸ੍. ਰੱਤੀਕੰਤ ਸਿੰਘ ਨੇ ਆਇਆਂ ਦਾ ਹਲੀਮੀ ਨਾਲ ਧੰਨਵਾਦ ਕੀਤਾ ਅਤੇ ਚਾਹ ਲਈ ਸੱਦਾ ਦਿੱਤਾ।

**ਪੂਨਮ ਸਿੰਘ**, ਸੰਪਾਦਕਾ, ਪ੍ਰੀਤਲੜੀ